# Hepatitis C can be cured

## Get tested, Get cured,
## Live your life.

# ਹੈਪੇਟਾਇਟਿਸ C ਦਾ ਇਲਾਜ ਹੋ ਸਕਦਾ ਹੈ

## ਟੈਸਟ ਕਰਵਾਓ, ਠੀਕ ਹੋ ਜਾਓ,
## ਆਪਣੀ ਜ਼ਿੰਦਗੀ ਜੀਓ।






## What is hepatitis C?

## ਹੈਪੇਟਾਇਟਿਸ C ਕੀ ਹੈ?

Hepatitis C is inflammation of the liver. It is caused by a virus known as the hepatitis C virus.

ਹੈਪੇਟਾਇਟਿਸ C ਜਿਗਰ ਵਿੱਚ ਸੋਜ਼ਸ਼ ਹੁੰਦੀ ਹੈ। ਇਹ ਇੱਕ ਵਾਇਰਸ ਕਰਕੇ ਹੁੰਦਾ ਹੈ ਜਿਸ ਨੂੰ ਹੈਪੇਟਾਇਟਿਸ C ਵਾਇਰਸ ਵੱਜੋਂ ਜਾਣਿਆ ਜਾਂਦਾ ਹੈ।

Left untreated, hepatitis C can lead to serious liver disease or cancer. But there is a cure.

ਇਲਾਜ ਨਾ ਕਰਨ 'ਤੇ, ਹੈਪੇਟਾਇਟਿਸ C ਜਿਗਰ ਦੀ ਗੰਭੀਰ ਬਿਮਾਰੀ ਜਾਂ ਕੈਂਸਰ ਦਾ ਕਾਰਨ ਬਣ ਸਕਦਾ ਹੈ। ਪਰ ਇਲਾਜ ਮੌਜੂਦ ਹੈ।

Hepatitis C is common in Australia. Over 200,000 people in Australia have hepatitis C. It is also very common in many countries around the world. Many people in our community living in Australia have hepatitis C.

ਹੈਪੇਟਾਇਟਿਸ C ਆਸਟ੍ਰੇਲੀਆ ਵਿੱਚ ਆਮ ਹੈ। ਆਸਟ੍ਰੇਲੀਆ ਵਿੱਚ 200,000 ਤੋਂ ਜ਼ਿਆਦਾ ਲੋਕਾਂ ਨੂੰ ਹੈਪੇਟਾਇਟਿਸ C ਹੈ। ਇਹ ਦੁਨੀਆ ਭਰ ਵਿੱਚ ਬਹੁਤ ਸਾਰੇ ਦੇਸ਼ਾਂ ਵਿੱਚ ਵੀ ਬਹੁਤ ਆਮ ਹੈ। ਆਸਟ੍ਰੇਲੀਆ ਵਿੱਚ ਵਸਦੇ ਸਾਡੇ ਭਾਈਚਾਰੇ ਵਿਚਲੇ ਬਹੁਤੇ ਲੋਕਾਂ ਨੂੰ ਹੈਪੇਟਾਇਟਿਸ C ਹੈ।

Hepatitis C is a serious, but slow acting virus, so people may not know they have it. Significantly more people in Australia are dying from hepatitis C than HIV/AIDS.

ਹੈਪੇਟਾਇਟਿਸ C ਇੱਕ ਗੰਭੀਰ, ਪਰ ਹੌਲੀ-ਹੌਲੀ ਅਸਰ ਕਰਨ ਵਾਲਾ ਵਾਇਰਸ ਹੈ, ਇਸ ਲਈ ਹੋ ਸਕਦਾ ਹੈ ਲੋਕਾਂ ਨੂੰ ਇਹ ਪਤਾ ਨਾ ਹੋਵੇ ਕਿ ਉਹਨਾਂ ਅੰਦਰ ਇਹ ਹੈ। ਇਹ ਅਹਿਮ ਗੱਲ ਹੈ ਕਿ ਆਸਟ੍ਰੇਲੀਆ ਵਿੱਚ HIV/AIDS ਦੇ ਮੁਕਾਬਲੇ ਜ਼ਿਆਦਾ ਲੋਕਾਂ ਦੀ ਮੌਤ ਹੈਪੇਟਾਇਟਿਸ C ਕਾਰਨ ਹੋ ਰਹੀ ਹੈ।

Don't wait to talk to friends and family about hepatitis C.

ਹੈਪੇਟਾਇਟਿਸ C ਬਾਰੇ ਦੋਸਤਾਂ ਅਤੇ ਪਰਿਵਾਰ ਨਾਲ ਗੱਲ ਕਰਨ ਦੀ ਉਡੀਕ ਨਾ ਕਰੋ।

## How do you get hepatitis C?

## ਤੁਹਾਨੂੰ ਹੈਪੇਟਾਇਟਿਸ C ਕਿਵੇਂ ਹੁੰਦਾ ਹੈ?

Hepatitis C is only in blood.

ਹੈਪੇਟਾਇਟਿਸ C ਸਿਰਫ ਖ਼ੂਨ ਵਿੱਚ ਹੁੰਦਾ ਹੈ।

HQ HEPATITIS QUEENSLAND
Hepatitis and Liver Health

hepatitis australia

There are a number of ways that hepatitis C can be transmitted through blood:

- ਬਹੁਤ ਸਾਰੇ ਤਰੀਕੇ ਹਨ ਜਿਨ੍ਹਾਂ ਨਾਲ ਹੈਪੇਟਾਇਟਿਸ C ਖ਼ੂਨ ਜ਼ਰੀਏ ਕਿਸੇ ਹੋਰ ਵਿਅਕਤੀ ਤੱਕ ਪਹੁੰਚ ਸਕਦਾ ਹੈ:

- Blood transfusions or blood products in your country of origin (at a time when screening for hepatitis C was not undertaken).
- ਤੁਹਾਡੇ ਜੱਦੀ ਦੇਸ਼ ਵਿੱਚ ਖ਼ੂਨ ਜਾਂ ਖ਼ੂਨ ਦੇ ਤੱਤ ਚੜ੍ਹਾਉਣ ਨਾਲ (ਉਸ ਸਮੇਂ ਜਦੋਂ ਹੈਪੇਟਾਇਟਿਸ C ਦੀ ਸਕ੍ਰੀਨਿੰਗ ਨਹੀਂ ਕੀਤੀ ਜਾਂਦੀ ਸੀ)।
- Medical or dental procedures in your country of origin (where unregulated or unsterile practices may have been undertaken, including reuse of glass syringes).
- ਤੁਹਾਡੇ ਜੱਦੀ ਦੇਸ਼ ਵਿੱਚ ਡਾਕਟਰੀ ਜਾਂ ਦੰਦਾਂ ਸਬੰਧੀ ਕਾਰਜ-ਪ੍ਰਕਿਰਿਆ ਨਾਲ (ਜਿੱਥੇ ਅਨਿਯੰਤ੍ਰਿਤ ਜਾਂ ਬਗੈਰ ਕੀਟਾਣੂ-ਮੁਕਤ ਪ੍ਰਕਿਰਿਆਵਾਂ ਕੀਤੀਆਂ ਗਈਆਂ ਹੋ ਸਕਦੀਆਂ ਹਨ ਜਿਸ ਵਿੱਚ ਕੱਚ ਵਾਲੀਆਂ ਸਰਿੰਜਾਂ ਦੀ ਮੁੜ ਵਰਤੋਂ ਵੀ ਸ਼ਾਮਲ ਹੈ)।
- Vaccinations or injections overseas (where unregulated or unsterile practices may have been undertaken including reuse of glass syringes).
- ਵਿਦੇਸ਼ਾਂ ਵਿੱਚ ਟੀਕਾਕਰਨ ਜਾਂ ਟੀਕਿਆਂ ਨਾਲ (ਜਿੱਥੇ ਅਨਿਯੰਤ੍ਰਿਤ ਜਾਂ ਬਗੈਰ ਕੀਟਾਣੂ-ਮੁਕਤ ਪ੍ਰਕਿਰਿਆਵਾਂ ਕੀਤੀਆਂ ਗਈਆਂ ਹੋ ਸਕਦੀਆਂ ਹਨ ਜਿਸ ਵਿੱਚ ਕੱਚ ਵਾਲੀਆਂ ਸਰਿੰਜਾਂ ਦੀ ਮੁੜ ਵਰਤੋਂ ਵੀ ਸ਼ਾਮਲ ਹੈ)।
- Any cultural or traditional practices that involve blood.
- ਕਿਸੇ ਵੀ ਸਭਿਆਚਾਰਕ ਜਾਂ ਪਰੰਪਰਾਗਤ ਵਿਹਾਰਾਂ ਨਾਲ ਜਿਸ ਵਿੱਚ ਖ਼ੂਨ ਸ਼ਾਮਲ ਹੁੰਦਾ ਹੈ।
- Unsterile tattooing, piercings or sharing needles.
- ਬਗੈਰ ਕੀਟਾਣੂ-ਮੁਕਤ ਤਰੀਕੇ ਨਾਲ ਟੈਟੂ ਬਣਵਾਉਣ, ਵਿੰਨ੍ਹਣ ਜਾਂ ਸੂਈਆਂ ਸਾਂਝੀਆਂ ਕਰਨ ਨਾਲ।
- Cosmetic tattooing in Australia and overseas.
- ਆਸਟ੍ਰੇਲੀਆ ਅਤੇ ਵਿਦੇਸ਼ਾਂ ਵਿੱਚ ਕਾਸਮੈਟਿਕ ਟੈਟੂ ਬਣਵਾਉਣਾ।

Hepatitis C is NOT passed on by touching, kissing, breastfeeding, hugging, coughing, sneezing, or sharing food or bathrooms.

ਹੈਪੇਟਾਇਟਿਸ C ਛੂਹਣ, ਚੁੰਮਣ, ਦੁੱਧ ਚੁੰਘਾਉਣ, ਜੱਫੀ ਪਾਉਣ, ਖਾਂਸੀ ਕਰਨ, ਛਿੱਕਣ, ਜਾਂ ਭੋਜਨ ਜਾਂ ਬਾਥਰੂਮ ਸਾਂਝਾ ਕਰਨ ਨਾਲ ਨਹੀਂ ਹੁੰਦਾ।

Many people in our families and communities have hepatitis C. They need our support.

ਸਾਡੇ ਪਰਿਵਾਰਾਂ ਅਤੇ ਭਾਈਚਾਰਿਆਂ ਵਿੱਚ ਕਈ ਲੋਕਾਂ ਨੂੰ ਹੈਪੇਟਾਇਟਿਸ C ਹੈ। ਉਹਨਾਂ ਨੂੰ ਸਾਡੀ ਸਹਾਇਤਾ ਦੀ ਲੋੜ ਹੈ।

## What are the symptoms for hepatitis C?
## ਹੈਪੇਟਾਇਟਿਸ C ਦੇ ਕੀ ਲੱਛਣ ਹਨ?

A lot people with hepatitis C may not be aware they have it for many years. However, some people may have symptoms such as;

ਹੈਪੇਟਾਇਟਿਸ C ਤੋਂ ਪੀੜਤ ਬਹੁਤ ਸਾਰੇ ਲੋਕਾਂ ਨੂੰ ਬਹੁਤ ਸਾਲਾਂ ਤੱਕ ਪਤਾ ਨਹੀਂ ਚਲਦਾ ਕਿ ਉਹਨਾਂ ਨੂੰ ਇਹ ਬਿਮਾਰੀ ਹੈ। ਪਰ ਕੁਝ ਲੋਕਾਂ ਨੂੰ ਲੱਛਣ ਹੋ ਸਕਦੇ ਹਨ ਜਿਵੇਂ ਕਿ;

- Tiredness and lacking energy, or sleep problems.
- ਥਕਾਵਟ ਅਤੇ ਊਰਜਾ ਦੀ ਕਮੀ, ਜਾਂ ਸੌਣ ਦੀਆਂ ਸਮੱਸਿਆਵਾਂ।
- Flu-like symptoms which come and go.
- ਫਲੂ ਵਰਗੇ ਲੱਛਣ ਜੋ ਆਉਂਦੇ-ਜਾਂਦੇ ਹਨ।
- Mood swings, anxiety and depression.
- ਮਨੋਦਸ਼ਾ ਵਿੱਚ ਤਬਦੀਲੀਆਂ, ਚਿੰਤਾ ਅਤੇ ਡਿਪ੍ਰੈਸ਼ਨ (ਉਦਾਸੀ)।

See your doctor to discuss these symptoms, as they may be caused by other health issues.

ਇਹਨਾਂ ਲੱਛਣਾਂ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਆਪਣੇ ਡਾਕਟਰ ਨੂੰ ਮਿਲੋ, ਕਿਉਂਕਿ ਉਹ ਹੋਰਨਾਂ ਸਿਹਤ ਮੁੱਦਿਆਂ ਕਰਕੇ ਵੀ ਹੋ ਸਕਦੇ ਹਨ।

HQ HEPATITIS QUEENSLAND Hepatitis and Liver Health

hepatitis australia

# How do I know if I have hepatitis C?

# ਮੈਨੂੰ ਕਿਵੇਂ ਪਤਾ ਲੱਗੇਗਾ ਕਿ ਕੀ ਮੈਨੂੰ ਹੈਪੇਟਾਇਟਿਸ C ਹੈ?

You can find out if you have hepatitis C by getting two blood tests.

ਤੁਹਾਨੂੰ ਖੂਨ ਦੇ ਦੋ ਟੈਸਟ ਕਰਵਾ ਕੇ ਪਤਾ ਲੱਗ ਸਕਦਾ ਹੈ ਕਿ ਕੀ ਤੁਹਾਨੂੰ ਹੈਪੇਟਾਇਟਿਸ C ਹੈ।

The first blood test (hepatitis C antibody test) is to check if you have ever had hepatitis C in your blood. If that is positive, they do a second test (hepatitis C PCR test) to see if the hepatitis C virus is still there, or if your body has fought it off.

ਪਹਿਲਾ ਖੂਨ ਦਾ ਟੈਸਟ (ਹੈਪੇਟਾਇਟਿਸ C ਐਂਟੀਬਾਡੀ ਟੈਸਟ) ਇਹ ਦੇਖਣ ਲਈ ਹੈ ਕਿ ਕੀ ਤੁਹਾਡੇ ਖੂਨ ਵਿੱਚ ਕਦੇ ਹੈਪੇਟਾਇਟਿਸ C ਸੀ। ਜੇ ਇਹ ਪਾਜ਼ਿਟਿਵ ਆਉਂਦਾ ਹੈ, ਤਾਂ ਉਹ ਇਹ ਦੇਖਣ ਲਈ ਦੂਜਾ ਟੈਸਟ (ਹੈਪੇਟਾਇਟਿਸ C PCR ਟੈਸਟ) ਕੀਤਾ ਜਾਂਦਾ ਹੈ ਕਿ ਕੀ ਹੈਪੇਟਾਇਟਿਸ C ਹਾਲੇ ਵੀ ਮੌਜੂਦ ਹੈ, ਜਾਂ ਕੀ ਤੁਹਾਡੇ ਸਰੀਰ ਨੇ ਇਸ ਨੂੰ ਖਤਮ ਕਰ ਦਿੱਤਾ ਹੈ।

The PCR test is the one that checks to see if the actual hepatitis C virus is still in your body. If that is positive the doctor may discuss options for treatment.

PCR ਟੈਸਟ ਅਜਿਹਾ ਟੈਸਟ ਹੈ ਜੋ ਇਹ ਪਤਾ ਲਗਾਉਣ ਲਈ ਹੁੰਦਾ ਹੈ ਕਿ ਕੀ ਅਸਲ ਹੈਪੇਟਾਇਟਿਸ C ਹਾਲੇ ਵੀ ਤੁਹਾਡੇ ਸਰੀਰ ਵਿੱਚ ਹੈ। ਜੇ ਇਹ ਪਾਜ਼ਿਟਿਵ ਆਉਂਦਾ ਹੈ ਤਾਂ ਡਾਕਟਰ ਇਲਾਜ ਦੇ ਵਿਕਲਪਾਂ ਬਾਰੇ ਵਿਚਾਰ-ਵਟਾਂਦਰਾ ਕਰ ਸਕਦੇ ਹਨ।

You can get your blood test for hepatitis C from your doctor.

ਤੁਸੀਂ ਆਪਣੇ ਡਾਕਟਰ ਤੋਂ ਹੈਪੇਟਾਇਟਿਸ C ਲਈ ਖੂਨ ਟੈਸਟ ਕਰਵਾ ਸਕਦੇ ਹੋ।

# Is there a cure for hepatitis C?

# ਕੀ ਹੈਪੇਟਾਇਟਿਸ C ਦਾ ਕੋਈ ਇਲਾਜ ਹੈ?

Yes there is a safe and effective cure for hepatitis C. Almost everyone who takes the treatment will be cured.

ਹਾਂ ਹੈਪੇਟਾਇਟਿਸ C ਲਈ ਸੁਰੱਖਿਅਤ ਅਤੇ ਕਾਰਗਰ ਇਲਾਜ ਹੁੰਦਾ ਹੈ। ਇਲਾਜ ਕਰਵਾਉਣ ਵਾਲਾ ਲਗਭਗ ਹਰੇਕ ਵਿਅਕਤੀ ਠੀਕ ਹੋ ਜਾਵੇਗਾ।

Getting cured of hepatitis C not only reduces the risk of liver failure or liver cancer, it can improve people's quality of life.

ਹੈਪੇਟਾਇਟਿਸ C ਦਾ ਇਲਾਜ ਕਰਵਾਉਣ ਨਾਲ ਨਾ ਸਿਰਫ ਜਿਗਰ ਦੇ ਕੰਮ ਨਾ ਕਰਨ ਦਾ ਜੋਖਮ ਜਾਂ ਜਿਗਰ ਕੈਂਸਰ ਦਾ ਜੋਖਮ ਘਟਦਾ ਹੈ ਬਲਕਿ ਇਹ ਲੋਕਾਂ ਦੀ ਜ਼ਿੰਦਗੀ ਦੇ ਮਿਆਰ ਵਿੱਚ ਵੀ ਸੁਧਾਰ ਕਰ ਸਕਦਾ ਹੈ।

The treatment is a course of tablets, taken daily for around 12 weeks (sometimes longer). The tablets have little or no side effects.

ਇਲਾਜ ਦਵਾਈ ਦੀਆਂ ਗੋਲੀਆਂ ਦਾ ਇੱਕ ਕੋਰਸ ਹੈ, ਜਿਸ ਨੂੰ ਲਗਭਗ ੧੨ ਹਫ਼ਤਿਆਂ (ਕਦੇ-ਕਦਾਈਂ ਜ਼ਿਆਦਾ ਦੇਰ ਤੱਕ) ਦੌਰਾਨ ਲਿਆ ਜਾਂਦਾ ਹੈ। ਗੋਲੀਆਂ ਦੇ ਮਾਮੂਲੀ ਮਾੜੇ ਪ੍ਰਭਾਵ ਹੁੰਦੇ ਹਨ ਜਾਂ ਕੋਈ ਵੀ ਮਾੜੇ ਪ੍ਰਭਾਵ ਨਹੀਂ ਹੁੰਦੇ।

It is important you take the tablets daily, and never share the medication. You need the whole amount to be cured.

ਇਹ ਮਹੱਤਵਪੂਰਨ ਹੈ ਕਿ ਤੁਸੀਂ ਰੋਜ਼ਾਨਾ ਗੋਲੀਆਂ ਲਵੋ, ਅਤੇ ਦਵਾਈ ਕਦੇ ਵੀ ਸਾਂਝੀ ਨਾ ਕਰੋ। ਤੁਹਾਨੂੰ ਠੀਕ ਹੋਣ ਲਈ ਪੂਰੀ ਮਾਤਰਾ ਲੈਣ ਦੀ ਲੋੜ ਹੁੰਦੀ ਹੈ।

See your doctor about getting tested and cured for hepatitis C.

ਹੈਪੇਟਾਇਟਿਸ C ਦਾ ਟੈਸਟ ਅਤੇ ਇਲਾਜ ਕਰਵਾਉਣ ਬਾਰੇ ਆਪਣੇ ਡਾਕਟਰ ਨੂੰ ਦਿਖਾਓ।

# Do I have to pay for hepatitis C treatment?

# ਕੀ ਮੈਨੂੰ ਹੈਪੇਟਾਇਟਿਸ C ਇਲਾਜ ਲਈ ਅਦਾਇਗੀ ਕਰਨੀ ਪਏਗੀ?

HQ HEPATITIS QUEENSLAND Hepatitis and Liver Health

hepatitis australia

The simple cure for hepatitis C is now affordable as it is listed on the government's Pharmaceutical Benefits Scheme (PBS). This means that everyone with a Medicare card can have the hepatitis C medication for free. There is a small cost to collect the tablets at the pharmacy. This is the usual PBS prescription fee.

ਹੈਪੇਟਾਇਟਿਸ C ਦੇ ਸਰਲ ਇਲਾਜ ਦਾ ਖਰਚ ਹੁਣ ਸਹਿਣਯੋਗ ਹੈ ਕਿਉਂਕਿ ਇਹ ਸਰਕਾਰ ਦੀ ਫਾਰਮਾਸਿਉਟੀਕਲ ਬੈਨੀਫਿਟ ਸਕੀਮ (PBS) 'ਤੇ ਸੂਚੀਬੱਧ ਹੈ। ਇਸ ਦਾ ਅਰਥ ਹੈ ਕਿ ਮੈਡੀਕੇਅਰ ਕਾਰਡ ਰੱਖਣ ਵਾਲਾ ਕੋਈ ਵੀ ਵਿਅਕਤੀ ਹੈਪੇਟਾਇਟਿਸ C ਦੀ ਦਵਾਈ ਮੁਫ਼ਤ ਲੈ ਸਕਦਾ ਹੈ। ਫਾਰਮੇਸੀ ਤੋਂ ਗੋਲੀਆਂ ਲੈਣ ਲਈ ਮਾਮੂਲੀ ਜਿਹਾ ਖਰਚ ਆਉਂਦਾ ਹੈ। ਇਹ ਆਮ ਤੌਰ 'ਤੇ PBS ਦੀ ਪ੍ਰਿਸਕ੍ਰਿਪਸ਼ਨ ਫੀਸ ਹੁੰਦੀ ਹੈ।

## My family member doesn't speak English. What can I do to help them get tested and cured?

## ਮੇਰਾ ਪਰਿਵਾਰਕ ਮੈਂਬਰ ਅੰਗਰੇਜ਼ੀ ਨਹੀਂ ਬੋਲਦਾ। ਮੈਂ ਉਹਨਾਂ ਦੀ ਟੈਸਟ ਅਤੇ ਇਲਾਜ ਕਰਵਾਉਣ ਵਿੱਚ ਕਿਵੇਂ ਮਦਦ ਕਰ ਸਕਦਾ/ਸਕਦੀ ਹਾਂ?

If English is not your family member's first language, and they have a Medicare card, they can ask their doctor or pharmacist to call the TIS National Contact Centre on 131 450 at any time to access a phone interpreter during their medical appointment. This is a free service.

ਜੇ ਅੰਗਰੇਜ਼ੀ ਤੁਹਾਡੇ ਪਰਿਵਾਰਕ ਮੈਂਬਰ ਦੀ ਪਹਿਲੀ ਭਾਸ਼ਾ ਨਹੀਂ ਹੈ, ਅਤੇ ਉਹਨਾਂ ਕੋਲ ਮੈਡੀਕੇਅਰ ਕਾਰਡ ਹੈ, ਤਾਂ ਉਹ ਆਪਣੀ ਡਾਕਟਰੀ ਅਪਾਇੰਟਮੈਂਟ ਦੌਰਾਨ ਫੋਨ ਦੁਭਾਸ਼ੀਏ ਤੱਕ ਪਹੁੰਚ ਕਰਨ ਲਈ ਆਪਣੇ ਡਾਕਟਰ ਜਾਂ ਫਾਰਮਾਸਿਸਟ ਨੂੰ TIS ਨੈਸ਼ਨਲ ਕਾਨਟੈਕਟ ਸੈਂਟਰ ਨਾਲ 131 450 'ਤੇ ਫੋਨ ਕਰਨ ਲਈ ਕਹਿ ਸਕਦੇ ਹਨ। ਇਹ ਇੱਕ ਮੁਫ਼ਤ ਸੇਵਾ ਹੈ।



## Where do I go for more information?

## ਹੋਰ ਜਾਣਕਾਰੀ ਲਈ ਮੈਂ ਕਿੱਥੇ ਜਾਵਾਂ?

See your doctor, or call the National Hepatitis information line on 1800 437 222. (1800 HEP ABC) or email your local hepatitis organisation.

ਆਪਣੇ ਡਾਕਟਰ ਨੂੰ ਦਿਖਾਓ, ਜਾਂ ਨੈਸ਼ਨਲ ਹੈਪੇਟਾਇਟਿਸ ਸੂਚਨਾ ਲਾਈਨ ਨੂੰ 1800 437 222 (1800 HEP ABC) 'ਤੇ ਕਾਲ ਕਰੋ ਜਾਂ ਆਪਣੀ ਸਥਾਨਕ ਹੈਪੇਟਾਇਟਿਸ ਸੰਸਥਾ ਨੂੰ ਈਮੇਲ ਕਰੋ।

**Don't wait to talk about hepatitis C.**

**ਹੈਪੇਟਾਇਟਿਸ C ਬਾਰੇ ਗੱਲ ਕਰਨ ਲਈ ਉਡੀਕ ਨਾ ਕਰੋ।**

**Let's work together to keep our community healthy and strong.**

**ਆਓ ਆਪਣੇ ਭਾਈਚਾਰੇ ਨੂੰ ਸਿਹਤਮੰਦ ਅਤੇ ਮਜ਼ਬੂਤ ਰੱਖਣ ਲਈ ਇਕੱਠੇ ਮਿਲ ਕੇ ਕੰਮ ਕਰੀਏ।**

HQ HEPATITIS QUEENSLAND Hepatitis and Liver Health

hepatitis australia

hep TEST CURE LIVE

**GET TESTED. GET CURED. LIVE YOUR LIFE**

**ਜਾਂਚ ਕਰਵਾਓ। ਠੀਕ ਹੋ ਜਾਓ। ਆਪਣੀ ਜ਼ਿੰਦਗੀ ਜੀਓ**

**Call the national hepatitis info line: 1800 437 222 (1800 HEPABC)**

**ਰਾਸ਼ਟਰੀ ਹੈਪੇਟਾਇਟਿਸ ਇੰਫੋ ਲਾਈਨ 'ਤੇ ਕਾਲ ਕਰੋ: 1800 437 222 (1800 HEPABC)**

**www.testcurelive.com.au**